# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਕਮ - ਸਟੇਟ ਪ੍ਰੋਜੈਕਟ ਡਾਇਰੈਕਟਰ

## ਸਿੱਖਿਆ ਭਵਨ, ਫੇਜ਼-8, ਪੰਜਵੀਂ ਮੰਜ਼ਿਲ, ਬਲਾਕ ਈ ,ਐਸ.ਏ.ਐਸ ਨਗਰ, ਪੰਜਾਬ

---

ਵੱਲ

ਸਹਾਇਕ ਡਾਇਰੈਕਟਰ (ਮੈਡੀਕਲ ਬਿੱਲ, ਪ੍ਰੋਮੋਸ਼ਨ ਸੈਲ, ਸਪੈਸ਼ਲ ਸੈਲ),
ਦਫ: ਡਾਇਰੈਕਟਰ ਆਫ ਐਜੂਕੇਸ਼ਨ (ਸੈ.ਸਿ.), ਪੰਜਾਬ।

ਸਹਾਇਕ ਡਾਇਰੈਕਟਰ (ਐਲੀਮੈਂਟਰੀ ਐਜੂਕੇਸ਼ਨ, ਅਮਲਾ ਸ਼ਾਖਾ – 2),
ਦਫ: ਡਾਇਰੈਕਟਰ ਆਫ ਐਜੂਕੇਸ਼ਨ (ਐ.ਸਿ.), ਪੰਜਾਬ।

ਮੀਮੋ ਨੰ. ਸਸਅ/2026/ਐਮ.ਆਈ.ਐਸ/ਈ-ਪੰਜਾਬ/120549

ਮਿਤੀ: 04-05-2026

ਵਿਸ਼ਾ:- MGRM ਵੱਲੋਂ ਈ-ਪੰਜਾਬ ਪੋਰਟਲ MIS 2.0 ਲਈ ਤਿਆਰ ਕੀਤੇ ਗਏ SSAP-SRS ਸੰਬੰਧੀ ।

ਹਵਾਲਾ ਪੱਤਰ: ਸਸਅ/2026/ਐਮ.ਆਈ.ਐਸ./58809 ਮਿਤੀ 03/03/2026

1. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।
2. ਹਵਾਲਾ ਪੱਤਰ ਅਨੁਸਾਰ M/s Hitachi MGRM Net ਵੱਲੋਂ ਆਪ ਜੀ ਨਾਲ ਤਾਲਮੇਲ ਕਰਦੇ ਹੋਏ ਡਿਟੇਲਡ Software Requirement Specification Document ਤਿਆਰ ਕੀਤਾ ਗਿਆ ਹੈ, ਜੋ ਕਿ ਸੰਬੰਧਤ ਡਾਇਰੈਕਟੋਰੇਟ ਦੀ ਈ-ਮੇਲ ਉਤੇ ਭੇਜਿਆ ਜਾ ਰਿਹਾ ਸੀ ਅਤੇ ਸੰਬਧਤ ਕੰਪੋਨੈਂਟ ਦੇ Software Requirement Specification Document ਨੂੰ ਚੰਗੀ ਤਰ੍ਹਾਂ ਘੋਖ ਲੈਣ ਦੀ ਬੇਨਤੀ ਕੀਤੀ ਗਈ ਸੀ।
3. ਇਸ ਸ਼ਾਖਾ ਵੱਲੋਂ ਆਪ ਜੀ ਨੂੰ ਯਾਦ ਈ-ਮੇਲ, ਵਅਟਸਐਪ ਅਤੇ ਟੈਲੀਫੋਨ ਰਾਹੀਂ ਕਈ ਵਾਰ ਰਾਬਤਾ ਕਾਇਮ ਕਰਦੇ ਹੋਏ Software Requirement Specification Document ਨੂੰ ਘੋਖ ਲੈਣ ਉਪਰੰਤ Observations and Comments ਭੇਜਣ ਦੀ ਬੇਨਤੀ ਕੀਤੀ ਗਈ ਹੈ, ਪ੍ਰੰਤੂ ਅਜੇ ਤੱਕ ਆਪ ਵੱਲੋਂ ਨਾ ਤਾਂ ਕੋਈ Observations and Comments ਪ੍ਰਾਪਤ ਹੋਇਆ ਹੈ ਅਤੇ ਨਾ ਹੀ ਇਸ ਡਾਕੂਮੈਂਟ ਦੇ ਠੀਕ ਹੋਣ ਦੀ ਪੁਸ਼ਟੀ ਕੀਤੀ ਗਈ ਹੈ। ਜਿਸ ਕਾਰਨ Software Requirement Specification Document ਮੁਕੰਮਲ ਹੋਣ ਵਿਚ ਬੇਲੋੜੀ ਦੇਰੀ ਹੋ ਰਹੀ ਹੈ।
4. ਆਪ ਨੂੰ ਫਿਰ ਤੋਂ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਕੰਪੋਨੈਂਟ ਨਾਲ ਸੰਬੰਧਤ Software Requirement Specification Document ਨੂੰ ਚੰਗੀ ਤਰ੍ਹਾਂ ਘੋਖ ਲੈਣ ਦੀ ਖੇਚਲ ਕੀਤੀ ਜਾਵੇ। ਜੇਕਰ ਇਸ ਡਾਕੂਮੈਂਟ ਵਿਚ ਕਿਸੇ ਵੀ ਤਰ੍ਹਾਂ ਦੀ ਕਮੀ ਰਹਿ ਗਈ ਹੈ ਜਾਂ ਤੁਹਾਡੇ ਦੁਆਰਾ ਦਿੱਤੀ ਗਈ ਜਾਣਕਾਰੀ ਦਰਜ ਨਹੀਂ ਹੋਈ ਹੈ ਤਾਂ ਇਸ ਸੰਬੰਧੀ Observations and Comments ਦੀ ਤਸਦੀਕਸ਼ੁਦਾ ਕਾਪੀ ਇਸ ਸ਼ਾਖਾ ਦੀ ਈ-ਮੇਲ ਆਈ ਡੀ mispunjab@punjabeducation.gov.in ਉੱਤੇ ਭੇਜੀ ਜਾਵੇ ਤਾਂ ਜੋ ਲੋੜ ਅਨੁਸਾਰ Hitachi MGRM Net ਟੀਮ ਨਾਲ ਤਾਲਮੇਲ ਕਰਦੇ ਹੋਏ Software Requirement Specification Document ਵਿਚ ਸੋਧ ਕਰਵਾਈ ਜਾ ਸਕੇ।
5. ਜੇਕਰ ਸੰਬੰਧਤ ਸ਼ਾਖਾ ਵੱਲੋਂ ਕੋਈ ਵੀ Observation and Comment ਨਹੀਂ ਹੈ ਤਾਂ ਉਹਨਾਂ ਵੱਲੋਂ ਸੰਬੰਧਤ Software Requirement Specification Document ਦੇ ਮਡਿਊਲ ਦੀ ਜਾਣਕਾਰੀ ਠੀਕ ਹੋਣ ਦੀ Confirmation Letter ਤਸਦੀਕ ਕਰਕੇ ਭੇਜੀ ਜਾਵੇ ਜੀ।
6. ਲੜ੍ਹੀ ਨੰ. 3 ਅਤੇ 4 ਲਈ ਲੋੜੀਦੀ ਕਾਰਵਾਈ ਜਲਦ ਤੋਂ ਜਲਦ ਮੁਕੰਮਲ ਕਰਨ ਦੀ ਖੇਚਲ ਕੀਤੀ ਜਾਵੇ ਜੀ।

04.05.26

ਡਿਪਟੀ ਐਸ.ਪੀ.ਡੀ. (ਆਈ.ਸੀ.ਟੀ.)
ਦਫ: ਡਾਇਰੈਕਟਰ ਜਨਰਲ ਸਕੂਲ ਸਿਖਿਆ, ਪੰਜਾਬ।

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਜਾਣਕਾਰੀ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ।

1. ਪੀ.ਏ. ਟੂ ਡਾਇਰੈਕਟਰ ਜਰਨਲ ਸਕੂਲ ਐਜੂਕੇਸਨ, ਪੰਜਾਬ।
2. ਪੀ.ਏ ਟੂ ਡਾਇਰੈਕਟਰ, ਸਕੂਲ ਐਜੂਕੇਸ਼ਨ (ਸੈ.ਸਿੱ.), ਪੰਜਾਬ।
3. ਪੀ.ਏ ਟੂ ਡਾਇਰੈਕਟਰ, ਸਕੂਲ ਐਜੂਕੇਸ਼ਨ (ਐ.ਸਿੱ.), ਪੰਜਾਬ।